80
25/1/18

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**(ਕੋਆਰਡੀਨੇਸ਼ਨ ਸ਼ਾਖਾ)**

4778
01.02.18

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ: 15/17/2017 ਕੋ ਸੈਲ (1)/43
ਮਿਤੀ: 24.01.2018

**ਵਿਸ਼ਾ:** **ਸਰਕਾਰੀ ਪ੍ਰੈਸ ਐਸ.ਏ.ਐਸ. ਨਗਰ ਅਤੇ ਪਟਿਆਲਾ ਤੋਂ ਛਪਾਈ ਕਾ ਕੰਮ ਕਰਵਾਉਣ ਸਬੰਧੀ।**

**ਹਵਾਲਾ:** **ਪੰਜਾਬ ਸਰਕਾਰ ਛਪਾਈ ਤੇ ਸਟੇਸ਼ਨਰੀ ਵਿਭਾਗ (ਛਪਾਈ ਤੇ ਸਟੇਸ਼ਨਰੀ ਸ਼ਾਖਾ) ਦੇ ਪੱਤਰ ਨੰ:8/75/2012/-1ਪਸ/1142382/1 ਮਿਤੀ: 10.01.2018.**

1. ਉਪਰਕੋਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ ਛਪਾਈ ਤੇ ਸਟੇਸ਼ਨਰੀ ਵਿਭਾਗ (ਛਪਾਈ ਤੇ ਸਟੇਸ਼ਨਰੀ ਸ਼ਾਖਾ) ਵੱਲੋਂ ਪੱਤਰ ਪ੍ਰਾਪਤ ਹੋਇਆ ਹੈ। ਸਰਕਾਰੀ ਪ੍ਰੈਸ ਐਸ.ਏ.ਐਸ. ਨਗਰ ਅਤੇ ਪਟਿਆਲਾ ਤੋਂ ਛਪਾਈ ਕਾ ਕੰਮ ਕਰਵਾਉਣ ਸਬੰਧੀ ਹਦਾਇਤਾਂ ਹਨ। ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਹਦਾਇਤਾਂ ਦੀ ਕਾਪੀ

24/1/18
ਸੁਪਰਡੰਟ (ਕੋਆਰਡੀਨੇਸ਼ਨ)

ਪਿੱਠ ਅੰ:ਨੰ:ਉਕਤ ਮਿਤੀ: 24.01.18

ਉਤਾਰਾ ਰਜਿਸਟਰਾਰ ਸਿੱਖਿਆ ਵਿਭਾਗ/ਕੇਅਰ ਟੇਕਰ ਨੂੰ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸੁਪਰਡੰਟ (ਕੋਆਰਡੀਨੇਸ਼ਨ)

[illegible]
01/02/18

ਡਾਇ 3609
18.1.18

ਨੰ: 8/75/2012-1ਪਸ/1142382/1

ਪੰਜਾਬ ਸਰਕਾਰ
ਛਪਾਈ ਤੇ ਸਟੇਸ਼ਨਰੀ ਵਿਭਾਗ
(ਛਪਾਈ ਤੇ ਸਟੇਸ਼ਨਰੀ ਸ਼ਾਖਾ)

ਮਿਤੀ,ਚੰਡੀਗੜ੍ਹ 10-01-2018

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਿਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਸਮੂਹ ਸਬ ਡਿਵੀਜ਼ਨਲ ਮੈਜਿਸਟਰੇਟ।

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)
ਰਿਕਾਰਡ ਸ਼ਾਖਾ 4230
ਡਾਇਰੀ ਨੰ:.......
ਮਿਤੀ: 16/1/18

15-1-18
ADCE

ਵਿਸ਼ਾ- ਸਰਕਾਰੀ ਪ੍ਰੈਸ ਐਸ.ਏ.ਐਸ.ਨਗਰ ਅਤੇ ਪਟਿਆਲਾ ਤੋਂ ਛਪਾਈ ਦਾ ਕੰਮ ਕਰਵਾਉਣ ਸਬੰਧੀ।

----

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 8/75/2012-1ਪਸ/143 ਮਿਤੀ: 18.06.2015 ਵੱਲ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਅਨੁਸਾਰ ਪੰਜਾਬ ਰਾਜ ਦੇ ਸਮੂਹ ਵਿਭਾਗਾਂ/ਬੋਰਡਾਂ ਅਤੇ ਅਦਾਰਿਆਂ ਦੀ ਛਪਾਈ ਦਾ ਕੰਮ ਰਾਜ ਦੀਆਂ ਸਰਕਾਰੀ ਪ੍ਰੈਸਾਂ ਤੋਂ ਕਰਵਾਉਣ ਸਬੰਧੀ ਲਿਖਿਆ ਗਿਆ ਸੀ। ਪ੍ਰੰਤੂ ਵੇਖਣ ਵਿੱਚ ਆਇਆ ਹੈ ਕਿ ਕਈ ਵਿਭਾਗਾਂ ਤੇ ਬੋਰਡਾਂ ਵੱਲੋਂ ਛਪਾਈ ਦਾ ਕੰਮ ਆਪਣੇ ਪੱਧਰ ਤੇ ਪ੍ਰਾਈਵੇਟ ਪ੍ਰੈਸਾਂ ਤੋਂ ਕਰਵਾਇਆ ਜਾਂਦਾ ਹੈ। ਇਸ ਸਬੰਧੀ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਤੋਂ ਐਨ.ਓ.ਸੀ ਪ੍ਰਾਪਤ ਨਹੀਂ ਕੀਤਾ ਜਾਂਦਾ ਹੈ, ਜਿਸ ਨਾਲ ਸਰਕਾਰ ਨੂੰ ਵਿੱਤੀ ਨੁਕਸਾਨ ਹੁੰਦਾ ਹੈ।

2. ਇਸਲਈ ਆਪਣੇ ਅਧੀਨ ਆਉਂਦੇ ਦਫ਼ਤਰਾਂ ਬੋਰਡ ਦੀ ਛਪਾਈ ਦਾ ਸਾਰਾ ਕੰਮ ਪ੍ਰਿੰਟਿੰਗ ਸਟੇਸ਼ਨਰੀ ਵਿਭਾਗ ਤੋਂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਕੰਮ ਤਤਕਾਲ ਪ੍ਰਾਈਵੇਟ ਤੌਰ ਤੇ ਕਰਵਾਉਣਾ ਹੈ ਤਾਂ ਪ੍ਰਿੰਟਿੰਗ ਅਤੇ ਸਟੇਸ਼ਨਰੀ ਮੈਨੂਅਲ ਦੇ ਪੈਰ੍ਹਾ-4.4 ਨੂੰ ਧਿਆਨ ਵਿੱਚ ਰੱਖਦੇ ਹੋਏ ਕੇਵਲ ਉਹੀ ਕੰਮ ਪ੍ਰਾਈਵੇਟ ਪ੍ਰੈਸਾਂ ਤੋਂ ਕਰਵਾਇਆ ਜਾਵੇ।

ਵਿਸ਼ਵਾਸ ਪਾਤਰ

(ਦਸਤਖਤ)
ਅਧੀਨ ਸਕੱਤਰ

ਪਿ.ਅੰ.ਨੰ: 8/75/2012-1ਪਸ/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਆਉਂਦੇ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੋਰ ਅਦਾਰਿਆਂ ਆਦਿ ਦੀ ਛਪਾਈ ਦਾ ਕੰਮ ਉਕਤ ਸਰਕਾਰੀ ਪ੍ਰੈਸਾਂ ਤੋਂ ਕਰਵਾਉਣ ਬਾਰੇ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

-ਸਹੀ-
ਅਧੀਨ ਸਕੱਤਰ